# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssaproc@gmail.com

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ),

ਪੰਜਾਬ।

ਮੀਮੋ ਨੰ: ਏਐਸਪੀਡੀ(ਪ੍ਰੋਕ)/ਸਸਅ/2010/38458

ਮਿਤੀ,ਚੰਡੀਗੜ੍ਹ:24-05-2010

**ਵਿਸ਼ਾ: ਰਾਸ਼ਟਰੀਆ ਮਾਧਿਅਮਿਕ ਸਿੱਖਿਆ ਅਭਿਆਨ ਅਧੀਨ ਸੈਕੰਡਰੀ ਪੱਧਰ 'ਤੇ ਕਲੱਸਟਰ ਸਕੂਲਾਂ ਨੂੰ ਡੈਸਕ ਟਾਪ ਕੰਪਿਊਟਰ ਅਤੇ ਪ੍ਰਿੰਟਰ ਮੁਹੱਈਆ ਕਰਵਾਉਣ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

2.0 ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਰਾਸ਼ਟਰੀਆ ਮਾਧਿਅਮਿਕ ਸਿੱਖਿਆ ਅਭਿਆਨ ਅਧੀਨ ਸੈਕੰਡਰੀ ਪੱਧਰ ਦੇ ਕੁੱਲ 804 ਕਲੱਸਟਰ ਸਕੂਲਾਂ ਨੂੰ ਡੈਸਕ ਟਾਪ ਕੰਪਿਊਟਰ ਅਤੇ ਪ੍ਰਿੰਟਰ ਮੁਹੱਈਆ ਕਰਵਾਏ ਜਾਣੇ ਹਨ।

3.0 ਇੱਥੇ ਇਹ ਦੱਸਣਾ ਵਾਜਿਬ ਹੋਵੇਗਾ ਕਿ ਸਿੱਖਿਆ ਵਿਭਾਗ ਵੱਲੋਂ ਰਾਜ ਦੇ ਸਰਕਾਰੀ ਸਕੂਲਾਂ ਵਿੱਚ 24 ਮਈ ਤੋਂ 30 ਜੂਨ ਤੱਕ ਗ਼ਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ।

4.0 ਕੰਪਿਊਟਰ ਸਪਲਾਈ ਕਰਨ ਵਾਲੀ ਕੰਪਨੀ ਵੱਲੋਂ ਜੂਨ ਮਹੀਨੇ ਦੌਰਾਨ ਕਲੱਸਟਰ ਸਕੂਲਾਂ ਵਿੱਚ ਕੰਪਿਊਟਰ ਅਤੇ ਪ੍ਰਿੰਟਰ ਦੀ ਸਪਲਾਈ ਕੀਤੇ ਜਾਣ ਦੀ ਸੰਭਾਵਨਾ ਹੈ।

5.0 ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਦਿਨਾਂ ਦੌਰਾਨ ਕਲੱਸਟਰ ਸਕੂਲਾਂ ਵਿੱਚ ਕੰਪਿਊਟਰ ਅਤੇ ਪ੍ਰਿੰਟਰ ਦੀ ਸਪਲਾਈ ਯਕੀਨੀ ਬਣਾਉਣ ਹਿੱਤ ਕਿਸੇ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਜਿਹੜਾ ਸਾਰੇ ਜ਼ਿਲ੍ਹੇ ਦੇ ਵਿਸ਼ਾ-ਅੰਕਿਤ ਸਕੂਲਾਂ ਦੀ ਸਥਿਤੀ ਬਾਰੇ ਜਾਣੂੰ ਹੋਵੇ।

6.0 ਮੁੱਖ ਦਫ਼ਤਰ ਨਾਲ ਸੰਪਰਕ ਕਰਨ ਦੀ ਸੂਰਤ ਵਿੱਚ 9478200130, 140, 150 'ਤੇ ਅਮਰਜੀਤ ਸਿੰਘ ਏ ਐਸ ਪੀ ਡੀ (ਪ੍ਰੋਕ.) ਅਤੇ 9814105005 'ਤੇ ਸ਼੍ਰੀ ਵਿਨੇਸ਼, ਡਿਪਟੀ ਮੈਨੇਜ਼ਰ, ਪੰਜਾਬ ਇਨਫ਼ੋਟੈੱਕ ਨਾਲ ਸੰਪਰਕ ਕੀਤਾ ਜਾ ਸਕਦਾ।

7.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰ: -ਉਕਤ- ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਮੈਨੇਜ਼ਿੰਗ ਡਾਇਰੈਕਟਰ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ, ਪੰਜਾਬ ਨੂੰ ਉਹਨਾਂ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**